## ਤਿਆਰ ਕਰਤਾ: ਸਟੇਟ ਰਿਸੋਰਸ ਗਰੁੱਪ (ਪੰਜਾਬੀ)

**ਦਸੰਬਰ ਪਾਠਕ੍ਰਮ ਜਮਾਤ : 10+1 ਵਿਸ਼ਾ : ਪੰਜਾਬੀ ਚੋਣਵੀਂ**

## ਅੱਖੀਂ ਡਿੱਠੀ ਦੁਨੀਆ:

### ਪਾਠ-11
### ਸਾਵੇ ਮੱਘ ਤੇ ਪੌਂਗ ਡੈਮ (ਡਾ.ਕਰਨੈਲ ਸਿੰਘ ਅੰਬਰੀਸ਼ )

### ਵਸਤੂਨਿਸ਼ਠ ਪ੍ਰਸ਼ਨ

ਪ੍ਰਸ਼ਨ 1. ਲੇਖਕ ਦੇ ਨਾਲ਼ ਜਾਣ ਵਾਲ਼ੇ ਉਸ ਦੇ ਦੋਸਤ ਦਾ ਨਾਮ ਦੱਸੋ ?
ਉੱਤਰ : ਇੱਕ ਕਸਬੀ ਸ਼ਿਕਾਰੀ।
ਪ੍ਰਸ਼ਨ 2. ਲੇਖਕ ਦੀ ਦਾਦੀ ਨੇ ਉਸ ਨੂੰ ਕਿਉਂ ਝਿੜਕਿਆ ?
ਉੱਤਰ : ਕਿਉਂਕਿ ਉਸ ਨੇ ਗੁਲੇਲ ਨਾਲ਼ ਨਿੱਕੀ ਚਿੜੀ ਫੁੰਡੀ ਸੀ।
ਪ੍ਰਸ਼ਨ 3. ਜਵਾਨੀ ਸਮੇਂ ਲੇਖਕ ਨੇ ਕਿਸ ਜੀਵ ਦਾ ਸ਼ਿਕਾਰ ਕੀਤਾ ?
ਉੱਤਰ : ਮੁਰਗ਼ਾਬੀ
ਪ੍ਰਸ਼ਨ 4. ਪੋਂਗ ਡੈਮ ਕਦੋਂ ਚਾਲੂ ਹੋਇਆ ਅਤੇ ਇਸ ਦਾ ਪੂਰਾ ਨਾਮ ਕੀ ਹੈ ?
ਉੱਤਰ : ਇਹ ਡੈਮ 1974 ਈ: ਵਿੱਚ ਚਾਲੂ ਹੋਇਆ ਅਤੇ ਇਸ ਦਾ ਪੂਰਾ ਨਾਮ ਮਹਾਰਾਣਾ ਪ੍ਰਤਾਪ ਪੋਂਗ ਡੈਮ ਹੈ।
ਪ੍ਰਸ਼ਨ 4. ਹਨੂੰਮਾਨ ਜੀ ਦਾ ਟਿੱਬਾ ਕਿੰਨੇ ਫੁੱਟ ਉੱਚਾ ਹੈ?
ਉੱਤਰ : 18500 ਫੁੱਟ
ਪ੍ਰਸ਼ਨ 5. ਲੇਖਕ ਨੇ ਕਿਹੜਾ ਪੰਛੀ ਕਦੇ ਇਕੱਲਾ ਨਹੀਂ ਦੇਖਿਆ ?
ਉੱਤਰ : ਸੁਰਖ਼ਾਬ
ਪ੍ਰਸ਼ਨ 6. ਲੇਖਕ ਨੇ ਸਾਵੇ ਮੱਘਾਂ ਨੂੰ ਟੈਲੀਵਿਜ਼ਨ ਦੇ ਕਿਹੜੇ ਚੈਨਲ 'ਤੇ ਦੇਖਿਆ ਸੀ ?
ਉੱਤਰ : ਡਿਸਕਵਰੀ ਚੈਨਲ ਉੱਤੇ
ਪ੍ਰਸ਼ਨ 7. ਲੇਖਕ ਨੂੰ ਢਾਬੇ 'ਤੇ ਖਾਧਾ ਖਾਣਾ ਕਿਹੋ ਜਿਹਾ ਲੱਗਾ ?
ਉੱਤਰ : ਬਹੁਤ ਸਵਾਦ
ਪ੍ਰਸ਼ਨ 8. ਲੇਖਕ ਦੇ ਦੋਸਤ ਨੇ ਸ਼ਾਕਾਹਾਰੀ ਖਾਣਾ ਖਾਧਾ ਜਾਂ ਮਾਸਾਹਾਰੀ ?
ਉੱਤਰ : ਮਾਸਾਹਾਰੀ

## ਅਭਿਆਸੀ ਪ੍ਰਸ਼ਨ

**ਪ੍ਰਸ਼ਨ 1. ਲੇਖਕ ਸਰਦੀਆਂ ਵਿੱਚ ਕਿੱਥੇ ਜਾਣਾ ਚਾਹੁੰਦਾ ਹੈ ਅਤੇ ਕਿਉਂ?**

ਉੱਤਰ : ਸਰਦੀਆਂ ਵਿੱਚ ਲੇਖਕ ਕਿਸੇ ਛੰਭ, ਦਰਿਆ ਜਾਂ ਝੀਲ ਉੱਤੇ ਦੂਰ ਦੇਸ਼ਾਂ ਤੋਂ ਉੱਡ ਕੇ ਆਏ ਪ੍ਰਵਾਸੀ ਪੰਛੀਆਂ ਨੂੰ ਦੇਖਣ ਲਈ ਜਾਣਾ ਚਾਹੁੰਦਾ ਹੈ ਕਿਉਂਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਨੂੰ ਜਾਪਦਾ ਹੈ ਜਿਵੇਂ ਉਸ ਨੇ ਸਿਆਲ ਬਿਨਾਂ ਮਾਣਿਆਂ ਹੀ ਬੀਤ ਜਾਣ ਦਿੱਤਾ ਹੋਵੇ ਤੇ ਕੁੱਝ ਅਧੂਰਾ ਤੇ ਅਤ੍ਰਿਪਤ ਹੀ ਰਹਿ ਗਿਆ ਹੋਵੇ ।ਹਰ ਸਾਲ ਅਜਿਹੀ ਥਾ 'ਤੇ ਜਾਣਾ ਉਸ ਦੀ ਨਿੱਜੀ ਤੀਰਥ ਯਾਤਰਾ ਹੈ। ਇਸ ਨਾਲ਼ ਉਸ ਨੂੰ ਕਿਸੇ ਦੋਸਤ ਦੀ ਸੰਗਤ ਦਾ ਵਾਧੂ ਨਫ਼ਾ ਵੀ ਹੋ ਜਾਂਦਾ ਹੈ।

**ਪ੍ਰਸ਼ਨ 2. ਮੁਰਗ਼ਾਬੀਆਂ  ਦਾ ਸ਼ਿਕਾਰ ਕਰਨ ਵਾਲ਼ੀ ਘਟਨਾ ਨੇ ਲੇਖਕ ਨੂੰ ਕਿਵੇਂ ਪ੍ਰਭਾਵਿਤ ਕੀਤਾ ?**

ਉੱਤਰ : ਜਵਾਨੀ ਵਿਚ ਜਦੋਂ ਲੇਖਕ ਦੇ ਮਨ ਵਿਚ ਸ਼ਿਕਾਰ ਦਾ ਸ਼ੋਕ ਪੈਦਾ ਹੋਇਆ ਤਾਂ ਉਹ ਇੱਕ ਕਸਬੀ ਸ਼ਿਕਾਰੀ ਨਾਲ਼ ਗੁਰਦਾਸਪੁਰ ਦੇ ਸਰਹੱਦੀ ਇਲਾਕੇ ਵਿੱਚ ਰਾਵੀ ਦਰਿਆ ਤੋਂ ਮੁਰਗ਼ਾਬੀਆਂ ਮਾਰ ਲਿਆਇਆ। ਘਰ ਪਰਤਦਿਆਂ ਜਦੋਂ ਅਚਾਨਕ ਉਸ ਦੀ ਨਜ਼ਰ ਨੀਲੀਆਂ ਭੂਰੀਆਂ ਮੁਰਗ਼ਾਬੀਆਂ ਦੀਆ ਬੰਦ ਅੱਖਾਂ ਅਤੇ ਮ੍ਰਿਤ ਸਰੀਰਾਂ ਉੱਤੇ ਪਈ ਤਾਂ ਉਸ ਦੇ ਮਨ ਉੱਤੇ ਅਜਿਹਾ ਅਸਰ ਹੋਇਆ ਕਿ ਉਸ ਨੇ ਫ਼ੈਸਲਾ ਕਰ ਲਿਆ ਕਿ ਅੱਗੋਂ ਉਹ ਕਦੇ ਕਿਸੇ ਪੰਛੀ ਨੂੰ ਮਾਰੇਗਾ ਨਹੀਂ, ਸਿਰਫ਼ ਉਹਨਾਂ ਨੂੰ ਦੇਖਿਆ ਹੀ ਕਰੇਗਾ।

**ਪ੍ਰਸ਼ਨ 3. ਧਮੇਟਾ ਪੁਹੰਚ ਕੇ ਲੇਖਕ ਨੇ ਕਿਸ ਨਾਲ਼ ਗੱਲਬਾਤ ਕੀਤੀ ?**

ਉੱਤਰ:  ਧਮੇਟਾ  ਪੁਹੰਚ ਕੇ ਲੇਖਕ ਨੇ ਕਾਰ ਵਿੱਚੋ ਉੱਤਰ ਕੇ ਇਕ ਸਕੂਲ ਮਾਸਟਰ ਜਾਪਦੇ ਖ਼ੁਸ਼ ਚਿਹਰੇ ਵਾਲ਼ੇ ਪੰਜਾਹ-ਪਚਵੰਜਾ ਸਾਲ ਦੇ ਬੰਦੇ ਨੂੰ ਪੁੱਛਿਆ ਕਿ ਕੀ ਉਥੇ ਪੰਛੀ ਨਹੀਂ ਹਨ? ਉਸ ਨੇ ਉੱਤਰ ਦਿਤਾ ਕਿ ਪੰਛੀ ਉੱਥੇ ਨਹੀਂ ਹਨ, ਸਗੋਂ ਉਹ ਉਥੋਂ ਤਿੰਨ ਕਿਲੋਮੀਟਰ ਅੱਗੇ ਗੱਟਾ ਪਿੰਡ ਵਿੱਚ ਮਿਲਣਗੇ। ਉਸ ਨੇ ਦੱਸਿਆ ਕਿ ਰਸਤੇ ਵਿਚ ਪਹਿਲਾਂ ਛੋਟਾ ਗੱਟਾ ਆਵੇਗਾ ਤੇ ਫਿਰ ਵੱਡਾ। ਵੱਡੇ ਗੱਟੇ ਵਿੱਚ ਸਕੂਲ ਹੈ। ਉਹ ਉੱਥੇ ਗੱਡੀ ਲਾ ਕਿ ਸਕੂਲ ਤੋਂ ਕਿਸੇ ਮਾਸਟਰ ਨੂੰ ਨਾਲ਼ ਲੈ ਲੈਣ। ਉਹਨਾਂ ਨੂੰ ਉਥੋਂ ਅੱਗੇ ਦੋ-ਤਿੰਨ ਫ਼ਰਲਾਂਗ ਤੁਰਨਾ ਪਾਵੇਗਾ।

**ਪ੍ਰਸ਼ਨ 4.  "ਸਾਵੇ ਮੱਘ" ਬਾਰੇ ਲੇਖਕ ਨੇ ਕੀ ਦੱਸਿਆ ਹੈ? ਇਹ ਵੀ ਦੱਸੋ ਕਿ ਲੇਖਕ ਨੇ "ਸਾਵੇ ਮੱਘ" ਨੂੰ ਇਕਦਮ ਕਿਵੇਂ ਪਛਾਣ ਲਿਆ ?**

ਉੱਤਰ: ਲੇਖਕ ਦੱਸਦਾ ਹੈ ਕਿ ਸਾਵਾ ਮੱਘ ਹਲਕੇ ਪੀਲ਼ੇ ਭੂਰੇ ਰੰਗ ਦਾ ਦੋ-ਤਿੰਨ ਕਿੱਲੋ ਭਾਰਾ ਪੰਛੀ ਹੁੰਦਾ ਹੈ, ਜਿਸ ਦੇ ਸਿਰ ਉੱਤੇ ਦੋਹੇਂ ਪਾਸੇ ਦੋ-ਦੋ ਖ਼ਾਸ ਕਾਲ਼ੀਆਂ ਧਾਰੀਆਂ ਹੁੰਦੀਆਂ ਹਨ। ਲੇਖਕ ਨੇ ਸਭ ਤੋਂ ਪਹਿਲਾਂ ਉਹਨਾਂ ਨੂੰ ਡਿਸਕਵਰੀ ਚੈਨਲ ਉੱਤੇ ਲੱਦਾਖ-ਚੀਨ ਦੀ ਹੱਦ ਉੱਤੇ ਸਥਿਤ ਪੈਨਗਗ ਝੀਲ ਉੱਤੇ ਦੇਖਿਆ ਸੀ, ਜਿੱਥੇ ਇਹ ਆਪਣੇ ਅੰਡੇ ਦਿੰਦੇ ਹਨ ਤੇ ਬੱਚੇ ਪਾਲਦੇ ਹਨ। ਮੱਧ ਏਸ਼ੀਆ ਦੀਆਂ ਅਜਿਹੀਆਂ ਝੀਲਾਂ ,ਜਿੰਨ੍ਹਾਂ ਦੁਆਲ਼ੇ ਇਹ ਨਿੱਕੇ ਘਾਹਾਂ ਵਿੱਚ ਚੁਗਦੇ ਹਨ, ਇਹਨਾਂ ਦਾ ਗਰਮੀਆਂ ਦਾ ਬਸੇਰਾ ਹੁੰਦੀਆਂ ਹਨ। ਤਿੱਬਤ ਕਜ਼ਾਕਸਤਾਨ, ਮੰਗੋਲੀਆ ਅਤੇ ਰੂਸ ਤੋਂ ਇਹ ਸਰਦ ਰੁੱਤ ਦੇ ਸ਼ੁਰੂ ਵਿੱਚ ਦੱਖਣ ਵੱਲ ਪਰਵਾਸ ਕਰਦੇ ਹਨ ਅਤੇ ਸਰਦੀਆਂ ਵਿੱਚ ਇਹ ਅਸਾਮ ਤੋਂ ਤਾਮਿਲਨਾਡੂ ਤੱਕ ਸਾਰੇ ਭਾਰਤ ਵਿੱਚ ਦੇਖੇ ਜਾ ਸਕਦੇ ਹਨ। ਦੁਨੀਆਂ ਵਿੱਚ ਇਹ ਸਭ ਤੋਂ ਉੱਚੇ ਉੱਡਣ ਵਾਲੇ ਪੰਛੀ ਹਨ। ਕਿਹਾ ਜਾਂਦਾ ਹੈ ਕਿ ਇਹ ਹਿਮਾਲਿਆ ਦੀ 29029 ਫੁੱਟ ਉੱਚੀ ਚੋਟੀ,ਜਿੱਥੇ ਤਾਪਮਾਨ ਮਨਫ਼ੀ ਤੋਂ ਹੇਠਾਂ ਤੇ ਆਕਸੀਜ਼ਨ ਬਹੁਤ ਘੱਟ ਹੁੰਦੀ ਹੈ,ਦੇ ਉੱਤੋਂ ਦੀ ਉੱਡ ਦੇ ਹਨ। ਉੱਪਗ੍ਰਹਿ ਟ੍ਰੈਕਿੰਗ ਰਾਹੀ ਇਨ੍ਹਾਂ ਨੂੰ ਵੱਧ ਤੋਂ ਵੱਧ 21600 ਫੁੱਟ ਉੱਚੇ ਹਿਮਾਲਿਆ ਦਰੇ ਨੂੰ ਪਾਰ ਕਰਦਿਆਂ ਦੇਖਿਆ ਗਿਆ ਹੈ। ਲੇਖਕ ਨੇ ਇਹਨਾਂ ਨੂੰ ਇਹਨਾਂ ਦੇ ਹਲਕੇ ਪੀਲ਼ੇ ਭੂਰੇ ਰੰਗ ਦੇ ਤਿੰਨ ਕਿੱਲੋ ਦੇ ਸਰੀਰ ਤੇ ਸਿਰ ਦੇ ਦੋਹੀਂ ਪਾਸੀਂ ਲੱਗੀਆਂ ਖ਼ਾਸ ਕਾਲੀਆ ਧਾਰੀਆਂ ਤੋਂ ਇੱਕਦਮ ਪਛਾਣ ਲਿਆ।

**ਪ੍ਰਸ਼ਨ 5. ਲੇਖਕ ਤੋਂ ਖਾਣੇ ਦੀ ਪ੍ਰਸ਼ੰਸਾ ਸੁਣ ਕੇ ਢਾਬੇ ਵਾਲ਼ੇ ਨੇ ਆਪਣੇ ਕੜ੍ਹੀ ਬਣਾਉਣ ਦੇ ਢੰਗ ਬਾਰੇ ਕੀ ਦੱਸਿਆ ?**

ਉੱਤਰ: ਲੇਖਕ ਤੋਂ ਖਾਣੇ ਦੀ ਪ੍ਰਸ਼ੰਸਾ ਸੁਣ ਕੇ ਢਾਬੇ ਵਾਲ਼ੇ ਨੇ ਆਪਣੇ ਕੜ੍ਹੀ ਬਣਾਉਣ ਦੇ ਢੰਗ ਬਾਰੇ ਦੱਸਦੇ ਕਿਹਾ ਕਿ ਉਹ ਖੱਟੀ ਲੱਸੀ ਨੂੰ ਸਾਬਤ ਧਨੀਏ, ਸਾਬਤ ਲਾਲ ਮਿਰਚਾਂ ਅਤੇ ਥੋੜ੍ਹੇ ਮੇਥਿਆਂ ਦਾ ਤੜਕਾ ਲਾਉਂਦਾ ਹੈ। ਲਸਣ ਪਿਆਜ਼, ਟਮਾਟਰ ਤੇ ਅਦਰਕ ਉਸ ਨੂੰ ਵਾਰਾ ਨਹੀਂ ਖਾਂਦਾ। ਉਹ ਕੜ੍ਹੀ ਨੂੰ ਸਵੇਰੇ ਤੋਂ ਕੜਨੀ ਰੱਖ ਦਿੰਦਾ ਹੈ। ਜਿੰਨੀ ਇਹ ਕੜ੍ਹਦੀ ਹੈ ਓਨੀ ਹੀ ਸਵਾਦ ਬਣਦੀ ਹੈ। ਇਸੇ ਕਰਕੇ ਇਸ ਨੂੰ ਕੜ੍ਹੀ ਕਹਿੰਦੇ ਹਨ। ਅੰਤ ਵਿੱਚ ਉਹ ਥੋੜ੍ਹਾ ਪਿਆਜ਼ ਕੱਟ ਕੇ ਪਾ ਦਿੰਦਾ ਹੈ।

**ਪ੍ਰਸ਼ਨ 6. "ਸਮੇਂ ਦੀ ਕਾੜ੍ਹਨੀ 'ਚ ਕੜ੍ਹ ਕੇ ਸਾਡਾ ਸੰਖੇਪ ਸਫਰ ਹੋਰ ਵੀ ਸੁਆਦਲਾ ਹੋਈ ਜਾਣਾ ਹੈ." ਇਸ ਕਥਨ ਤੋਂ ਲੇਖਕ ਦਾ ਕੀ ਭਾਵ ਹੈ ?**

ਉੱਤਰ: ਲੇਖਕ ਦਾ ਭਾਵ ਹੈ ਕੀ ਸਾਡਾ ਹਰ ਛੋਟਾ ਅਨੁਭਵ ਵੀ ਸਮੇਂ ਦੇ ਬੀਤਣ ਨਾਲ਼ ਸਾਡੀਆਂ ਯਾਦਾਂ ਵਿੱਚ ਹੋਰ ਵੀ ਸੁਆਦਲਾ ਬਣ ਜਾਂਦਾ ਹੈ। ਇਹ ਗੱਲ ਹਰ ਇਕ ਨਾਲ਼ ਵਾਪਰਦੀ ਹੈ।

**ਪ੍ਰਸ਼ਨ 7. 'ਪਿਕਚਰ-ਪੋਸਟਕਾਰਡ' ਕਵਿਤਾ ਦੇ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ?**

ਉੱਤਰ: ਸਮੇਂ ਦੇ ਬੀਤਣ ਨਾਲ਼ ਹੀ ਸਾਡੇ ਨਿੱਕੇ-ਨਿੱਕੇ ਸਵਾਦਲੇ ਅਨੁਭਵ ਅਸਲ ਨਾਲ਼ੋਂ ਵਧੇਰੇ ਪ੍ਰਭਾਵਸ਼ਾਲੀ ਰੂਪ ਵਿੱਚ ਕਿਸੇ ਪਰਾ-ਸੰਸਾਰੀ ਦੁਨੀਆ ਵਿੱਚ ਚਲੇ ਜਾਂਦੇ ਹਨ। ਜਿਸ ਤਰ੍ਹਾਂ ਪਿਕਚਰ ਪੋਸਟਕਾਰਡ ਕਿਸੇ ਹਕੀਕਤ ਦਾ ਗੂੜ੍ਹਾ ਤੇ ਗਾੜ੍ਹਾ ਵਾਸਤਪੀਕ੍ਰਿਤ ਰੂਪ ਹੁੰਦਾ ਹੈ। ਉਹਨਾਂ ਵਿਚ ਘਾਹ ਤੇ ਫੁੱਲਾਂ ਤੇ ਰੰਗ-ਰੂਪ ਹੋਰ ਗਾੜ੍ਹੇ ਉੱਭਰਦੇ ਹਨ। ਸੜਕਾਂ ਤੇ ਇਮਾਰਤਾਂ ਘੱਟ ਮਟਿਆਲੀਆਂ ਦਿਖਾਈ ਦਿੰਦੀਆਂ ਹਨ ਤੇ ਸੜਕਾਂ ਦੇ ਟੋਏ ਤੇ ਲਾਅਨਾ ਦੇ ਖ਼ਿਲਾਰ ਨਹੀਂ ਦਿਸਦੇ। ਸਮੇਂ ਦੇ ਬੀਤਣ ਨਾਲ਼ ਯਾਦਾਂ ਵਿੱਚ ਵਸੇ ਸੁਆਦਲੇ ਅਨੁਭਵ ਹੋਰ ਵੀ ਸੁਆਦਲੇ ਹੋ ਜਾਂਦੇ ਹਨ।

# ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)

## ਕੇਂਦਰੀ ਭਾਵ

### 22. ਪਰਮਿੰਦਰ ਸੋਢੀ – ਜੰਗ ਤੇ ਅਮਨ

ਜੰਗ ਦੇ ਦਿਨ ਤਬਾਹੀ, ਬਰਬਾਦੀ, ਸਾੜ-ਫੂਕ , ਭੱਜ-ਦੌੜ ਅਤੇ ਡਰਾਉਣੇ ਸੁਪਨਿਆਂ ਭਰੇ ਹੁੰਦੇ ਹਨ, ਪਰੰਤੂ ਅਮਨ ਦੇ ਦਿਨ ਖ਼ੁਸ਼ਹਾਲੀ, ਸੁਖ , ਰੰਗਾਂ , ਖੇੜਿਆਂ ਤੇ ਨਸ਼ਿਆਉਣ ਵਾਲ਼ੇ ਸੁਪਨਿਆਂ ਨਾਲ਼ ਭਰਪੂਰ ਹੁੰਦੇ ਹਨ।

### 23.ਸੁਖਵਿੰਦਰ ਅੰਮ੍ਰਿਤ – ਮੇਰੀ ਨਹੀਂ ਪੁੱਗਦੀ

ਸਾਡੇ ਮਰਦ ਪ੍ਰਧਾਨ ਵਰਤਮਾਨ ਸਮਾਜ ਵਿਚ ਇਸਤਰੀ ਦੀ ਇਕ ਧੀ ਦੇ ਰੂਪ ਵਿੱਚ , ਬੱਚਿਆਂ ਨੂੰ ਪਾਲਣ ਵਾਲ਼ੀ ਇਕ ਮਾਂ ਦੇ ਰੂਪ ਵਿੱਚ ਤੇ ਸਹੁਰੇ ਘਰ ਵਿੱਚ ਕਿਸੇ ਥਾਂ ਵੀ ਮਨ-ਮਰਜ਼ੀ ਨਹੀਂ ਚੱਲਣ ਦਿੱਤੀ ਜਾਂਦੀ। ਉਹ ਹਰ ਸਮੇਂ ਬੰਧਨਾਂ ਵਿਚ ਘਿਰੀ ਹੋਈ ਇੰਵ ਮਹਿਸੂਸ ਕਰਦੀ ਹ, ਜਿਵੇਂ ਉਹ ਜਨਮ ਤੋਂ ਪਹਿਲਾਂ ਹੀ ਮਰ ਗਈ ਹੋਵੇ।

### 24. ਡਾ. ਸਰਬਜੀਤ ਕੌਰ ਸੋਹਲ – ਮਾਂ-ਬੋਲੀ

ਪੰਜਾਬੀ ਮਾਂ-ਬੋਲੀ ਆਦਿਕਾਲ ਤੋਂ ਤ੍ਰੈ-ਕਾਲ ਤੱਕ ਸਾਡੇ ਸੰਚਾਰ ਤੇ ਸੱਭਿਆਚਾਰ ਦਾ ਮਾਧਿਅਮ ਹੈ। ਇਹ ਸ਼ੇਖ਼ ਫ਼ਰੀਦ ਤੇ ਗੁਰੂ ਸਾਹਿਬਾਂ ਦੀ ਵਰੋਸਾਈ ਹੋਈ ਹੈ। ਇਸ ਵਿੱਚ ਰਚੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਸਭ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ। ਇਸ ਮਹਾਨ ਬੋਲੀ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

### 25. ਗੁਰਪ੍ਰੀਤ – ਹਰੀਕੇ ਪੱਤਣ

ਨਿੱਕੇ ਬੱਚੇ ਦਾ ਪਿਆਰ ਭਰਿਆ ਚੁੰਮਣ ਇੰਨਾ ਆਨੰਦਾਇਕ ਹੁੰਦਾ ਹੈ ਕਿ ਹਰੀਕੇ ਪੱਤਣ ਵਿਖੇ ਉੱਤਰਦੇ ਸਾਇਬੇਰੀਆ ਦੇ ਰੰਗ-ਬਰੰਗੇ ਪੰਛੀਆਂ ਨੂੰ ਦੇਖ ਕੇ ਵੀ ਇੰਨਾ ਆਨੰਦ ਨਹੀਂ ਮਿਲ ਸਕਦਾ ।

## ਭਾਸ਼ਾ–ਬੋਧ:

## ਵਸਤੂਨਿਸ਼ਠ ਪ੍ਰਸ਼ਨ

ਪ੍ਰ: 1 ਪੰਜਾਬੀ ਕਿਸ ਦੀ ਲੋਕ ਭਾਸ਼ਾ ਹੈ?

ੳ) ਪੰਜਾਬ ਅ) ਗੁਜਰਾਤ ੲ) ਹਿਮਾਚਲ ਸ) ਹਰਿਆਣਾ

ਪ੍ਰ: 2 ਪੰਜਾਬੀ ਭਾਸ਼ਾ ਦੀ ਲਿਪੀ ਕਿਹੜੀ ਹੈ?

ੳ) ਦੇਵਨਾਗਰੀ ਅ) ਗੁਰਮੁਖੀ ੲ) ਰੋਮਨ ਸ) ਪੰਜਾਬੀ

ਪ੍ਰ: 3 ਮਾਝੀ ਉਪਬੋਲੀ ਕਿਹੜੇ ਇਲਾਕੇ ਵਿੱਚ ਬੋਲੀ ਜਾਂਦੀ ਹੈ?

ੳ) ਅੰਮ੍ਰਿਤਸਰ ਅ) ਬਠਿੰਡਾ ੲ) ਹੁਸ਼ਿਆਰਪੁਰ ਸ) ਪਟਿਆਲਾ

ਪ੍ਰ: 4 ਮਾਝੀ, ਮਲਵਈ, ਦੁਆਬੀ ਤੇ ਪੁਆਧੀ ਕਿਹੜੇ ਪੰਜਾਬ ਦੀਆਂ ਉਪਬੋਲੀਆਂ ਹਨ?

ੳ) ਪਾਕਿਸਤਾਨੀ ਪੰਜਾਬ ਦੀਆਂ ਅ) ਭਾਰਤੀ ਪੰਜਾਬ ਦੀਆਂ ੲ) ਉਪਰੋਕਤ ਦੋਨਾਂ ਦੀਆਂ

ਸ) ਕਿਸੇ ਦੀਆਂ ਨਹੀਂ

ਪ੍ਰ: 5 ਭਾਸ਼ਾ ਦੇ ਅਧਾਰ ਤੇ ਪੰਜਾਬ ਦੀ ਵੰਡ ਕਦੋਂ ਹੋਈ?

ੳ) 01 ਨਵੰਬਰ 1966 ਅ) 15 ਅਗਸਤ 1947 ੲ) 26 ਜਨਵਰੀ 1950 ਸ) 01 ਨਵੰਬਰ 1961

ਪ੍ਰ: 6 ਪੰਜਾਬੀ ਇੱਕ ......... ਭਾਸ਼ਾ ਹੈ?

ੳ) ਸਾਧ ਅ) ਸੁਰਾਤਮਿਕ ੲ) ਖਰਵੀ ਸ) ਸੋਹਣੀ

ਪ੍ਰ: 7 ਪੰਜਾਬੀ ਦੀ ਟਕਸਾਲੀ ਉਪਭਾਸ਼ਾ ਕਿਹੜੀ ਹੈ?

ੳ) ਮਾਝੀ ਅ) ਦੁਆਬੀ ੲ) ਪੋਠੋਹਾਰੀ ਸ) ਮੁਲਤਾਨੀ

ਪ੍ਰ: 8 'ਹੁਝਕਾ' ਮਲਵਈ ਸ਼ਬਦ ਦਾ ਟਕਸਾਲੀ ਰੂਪ ਦੱਸੋ?

ੳ) ਹੋਰ ਜਾ ਅ) ਰੁਕ ਜਾ ੲ) ਝਟਕਾ ਸ) ਇਹਨਾਂ 'ਚੋਂ ਕੋਈ ਨਹੀਂ

ਪ੍ਰ: 9 ਭਾਵਾਂ ਤੇ ਵਿਚਾਰਾਂ ਨੂੰ ਲਿਖਤੀ ਰੂਪ ਦੇ ਕੇ ਉਨ੍ਹਾਂ ਨੂੰ ਸਦਾ ਲਈ ਜਿਊਂਦੇ ਰੱਖਦੀ ਹੈ ?

ੳ) ਵਰਨਮਾਲਾ ਅ) ਵਾਕ ੲ) ਸ਼ਬਦ ਸ) ਲਿਪੀ

ਪ੍ਰ: 10 ਭਾਵ ਲਿਪੀ ਦਾ ਅਗਲਾ ਰੂਪ ਕਿਹੜਾ ਹੈ ?

ੳ) ਵਰਨ ਮੂਲਕ ਲਿਪੀ ਅ) ਵਾਕ ਮੂਲਕ ਲਿਪੀ

ੲ) ਸ਼ਬਦ ਮੂਲਕ ਲਿਪੀ ਸ) ਉਪਰੋਕਤ ਵਿੱਚੋਂ ਕੋਈ ਨਹੀਂ

ਪ੍ਰ: 11 ਭਾਰਤ ਦੀ ਸਭ ਤੋਂ ਪੁਰਾਣੀ ਲਿਪੀ ਕਿਹੜੀ ਹੈ ?

ੳ) ਟਾਕਰੀ ਅ) ਸ਼ਾਰਦਾ ੲ) ਬ੍ਰਾਹਮੀ ਸ) ਖ਼ਰੋਸ਼ਠੀ

ਪ੍ਰ:12 ਪੰਜਾਬੀ ਭਾਸ਼ਾ ਵਿੱਚ ਕਿਹੜੀਆਂ ਪੰਜ/ਛੇ ਧੁਨੀਆਂ ਸ਼ਾਮਲ ਕੀਤੀਆਂ ਗਈਆਂ (ਫ਼ਾਰਸੀ) ਜਿਨ੍ਹਾਂ ਕਰਕੇ ਪੰਜਾਬੀ ਭਾਸ਼ਾ ਵਿੱਚ ਵਰਨਮਾਲਾ ਦੀ ਗਿਣਤੀ 41 ਹੋ ਗਈ ?

ੳ) ਪ ਚ ਹ ਦ ਕ ਅ) ਹ ਰ ਵ ਸ ਜ

ੲ) ਸ਼ ਖ਼ ਗ਼ ਜ਼ ਫ਼ ਲ਼ ਸ) ਉਪਰੋਕਤ ਵਿੱਚੋਂ ਕੋਈ ਨਹੀਂ

ਪ੍ਰ: 13 ਗੁਰਮੁਖੀ ਦੇ ਕਿੰਨੇ ਅੱਖਰ ਟਾਕਰੀ ਨਾਲ ਸਾਂਝੇ ਹਨ?

ੳ) ਪੰਦਰਾਂ ਅ) ਇੱਕੀ ੲ) ਸਤਾਰਾਂ ਸ) ਨੌਂ

ਪ੍ਰ:14 ਗੁਰਮੁਖੀ ਦੇ ਕਿੰਨੇ ਲਗਾਖਰ ਹਨ ?

ੳ) ਤਿੰਨ ਅ) ਪੰਜ ੲ) ਦੋ ਸ) ਅੱਠ

ਪ੍ਰ:15 ਅੱਧਕ ਦੀ ਵਰਤੋਂ ਕਿਹੜੀ ਕਿਹੜੀ ਲਗ ਨਾਲ ਹੁੰਦੀ ਹੈ ?

ੳ) ਮੁਕਤਾ,ਸਿਹਾਰੀ, ਔਕੰੜ ਅ) ਦੂਲੈਂਕੜ, ਕੰਨਾ, ਬਿਹਾਰੀ

ੲ) ਹੋੜਾ,ਕਨੌੜਾ, ਲਾਂ ਸ) ਉਪਰੋਕਤ ਵਿੱਚੋਂ ਕੋਈ ਨਹੀਂ

ਪ੍ਰ:16 ਗੁਰਮੁਖੀ ਲਿਪੀ ਦੇ ਨਿਕਾਸ ਬਾਰੇ ਪ੍ਰਚਲਿਤ ਕਿਹੜਾ ਮੱਤ ਠੀਕ ਹੈ ।

ੳ) ਗੁਰਮੁਖੀ ਅੱਖਰਾਂ ਦੀ ਰਚਨਾ ਗੁਰੂ ਅੰਗਦ ਦੇਵ ਜੀ ਨੇ ਕੀਤੀ ।

ਅ) ਗੁਰਮੁਖੀ ਅੱਖਰਾਂ ਦੀ ਰਚਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ ।

ੲ) ਗੁਰਮੁਖੀ ਅੱਖਰਾਂ ਦੀ ਰਚਨਾ ਬਾਬਾ ਸ੍ਰੀ ਚੰਦ ਜੀ ਨੇ ਕੀਤੀ ।

ਸ) ਗੁਰੂ ਸਾਹਿਬਾਨ ਤੋਂ ਪਹਿਲਾਂ ਪੰਜਾਬੀ (ਗੁਰਮੁਖੀ) ਲੋਕਾਂ ਵਿੱਚ ਪ੍ਰਚਲਿਤ ਸੀ ।

ਪ੍ਰ; 17 ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦੇ ਤੌਰ ਤੇ ਕਦੋਂ ਪ੍ਰਵਾਨ ਕੀਤਾ ਗਿਆ ?

. ੳ) 1972 ਅ) 1999 ੲ) 1966 ਸ) 2001

ਪ੍ਰ:18 ਚਵਰਗ ਦੀ ਪਹਿਚਾਣ ਕਰੋ :

ੳ) ਚ ਛ ਜ਼ ਝ ਞ ਅ) ਤ ਥ ਦ ਧ ਨ

ੲ) ੳ ਅ ੲ ਸ ਹ ਸ) ਟ ਝ ਡ ਢ ਣ

ਪ੍ਰ: 19 ਪੰਜਾਬੀ ਦੀਆਂ ਉਚਾਰਨ ਅਵਾਜਾਂ ਨੂੰ ਕੀ ਕਿਹਾ ਜਾਂਦਾ ਹੈ ?

ੳ) ਵਾਕ ਅ) ਵਾਕੰਸ਼ ੲ) ਸ਼ਬਦ ਸ) ਧੁਨੀਆਂ

ਪ੍ਰ:20 ਉਪਬੋਲੀ ਕਿਸ ਨੂੰ ਕਿਹਾ ਜਾਂਦਾ ਹੈ ?

ੳ) ਮਾਤ ਭਾਸ਼ਾ ਅ) ਪੰਜਾਬ ਸੂਬੇ ਦੀ ਭਾਸ਼ਾ ਨੂੰ

ੲ) ਇਲਾਕਾਈ ਵਿਭਿੰਨਤਾ ਅਨੁਸਾਰ ਸ) ਉਪਰੋਕਤ ਵਿੱਚੋਂ ਕੋਈ ਨਹੀਂ

ਪੰਜਾਬੀ ਭਾਸ਼ਾ ਦੀਆਂ ਵੰਨਗੀਆਂ ਨੂੰ

ਪ੍ਰ: 21 ਪਾਕਿਸਤਾਨੀ ਪੰਜਾਬੀ ਦੀ ਮਿਆਰੀ ਉਪਭਾਸ਼ਾ ਕਿਹੜੀ ਹੈ ?

ੳ) ਹਿੰਦਕੋ ਅ) ਮੁਲਤਾਨੀ ੲ) ਦੁਆਬੀ ਸ) ਪੋਠੋਹਾਰੀ

ਪ੍ਰ 22 ਪੰਜਾਬੀ ਦੀ ਟਕਸਾਲੀ ਬੋਲੀ ਕਿਹੜੀ ਹੈ ?

ੳ) ਮਲਵਈ ਅ) ਪੋਠੋਹਾਰੀ ੲ) ਮਾਝੀ ਸ) ਪੁਆਧੀ

ਪ੍ਰ 23 ਪੰਜਾਬੀ ਭਾਸ਼ਾ ਲਿਖਣ ਲਈ ਕਿਹੜੀ ਭਾਸ਼ਾ ਢੁੱਕਵੀਂ ਹੈ ?

ੳ) ਗੁਰਮੁਖੀ ਲਿਪੀ ਅ) ਰੋਮਨ ਲਿਪੀ ੲ) ਗੰਢ ਲਿਪੀ ਸ) ਦੇਵਨਾਗਰੀ ਲਿਪੀ

ਪ੍ਰ:24 ਦੁਆਬੀ ਉਪਭਾਸ਼ਾ ਦੇ ਸ਼ਬਦ ਚੁਣੋ :

ੳ) ਗੱਭੇ, ਰੀਣ ਕੁ, ਪੇ ਅ) ਵਿਚਕਾਰ,ਥੋੜਾ ਜਿਹਾ, ਪਿਓ
ੲ) ਮੰਝ, ਭੋਰਾ ਭਰ, ਬਾਪੂ ੲ) ਅੱਧ, ਮਾਸਾ ਜਿਹਾ, ਪਿਤਾ

ਪ੍ਰ: 25 ਕਿਸੇ ਬੋਲੀ ਦੀ ਪੋਸ਼ਾਕ ਕੀ ਹੁੰਦੀ ਹੈ ?

ੳ) ਲਿਪੀ ਅ) ਸ਼ਬਦ ੲ) ਵਾਕ ਸ) ਉਪਰੋਕਤ ਸਾਰੇ

ਪ੍ਰ: 26 ਭਾਰਤ ਦੀ ਸਭ ਤੋਂ ਪੁਰਾਣੀ ਲਿਪੀ ਕਿਹੜੀ ਹੈ ?

ੳ) ਬ੍ਰਾਹਮੀ ਲਿਪੀ ਅ) ਖ਼ਰੋਸ਼ਠੀ ੲ) ਗੁਰਮੁਖੀ ਲਿਪੀ ਸ) ਸ਼ਾਰਦਾ ਲਿਪੀ

ਪ੍ਰ: 27 ਪੈਂਤੀ ਵਿੱਚ ਸ਼ਾਮਲ ਕੀਤੀਆਂ ਗਈਆਂ ਨਵੀਆਂ ਧੁਨੀਆਂ ਸ਼, ਖ਼, ਗ਼, ਜ਼, ਫ਼ ਅਸਲ ਵਿੱਚ ਕਿਸ ਭਾਸ਼ਾ ਤੋਂ ਲਈਆਂ ਗਈਆਂ ।

ੳ) ਸੁੰਸਕ੍ਰਿਤ ਭਾਸ਼ਾ ਅ) ਹਿੰਦੀ ੲ) ਅਰਬੀ ਸ) ਅਰਬੀ/ਫ਼ਾਰਸੀ

ਪ੍ਰ: 28 **ਊਠ** ਸ਼ਬਦ ਦਾ ਮਲਵਈ ਰੂਪ ਕੀ ਹੈ ?

ੳ) ਊਠ ਅ) ਬੋਤਾ ੲ) ਬੈਂਸ ਸ) ਖੋਤਾ

ਪ੍ਰ:29 ਕੇਂਦਰੀ ਪੰਜਾਬੀ ਬੋਲੀ ਦਾ ਹੋਰ ਕਿਹੜਾ ਨਾਂ ਹੈ ?

ੳ) ਟਕਸਾਲੀ ਬੋਲੀ ਅ) ਮਾਝੀ ਬੋਲੀ ੲ) ਪੰਜਾਬੀ ਬੋਲੀ ਸ) ਉਪਰੋਕਤ ਚੋਂ ਕੋਈ ਨਹੀਂ

ਪ੍ਰ: 30 ਪੰਜਾਬ ਦੇ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਜਿਲ੍ਹਿਆਂ ਵਿੱਚ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ ?

ੳ) ਮਲਵਈ ਅ) ਦੁਆਬੀ ੲ) ਪੁਆਧੀ ਸ) ਮੁਲਤਾਨੀ

ਪ੍ਰ:31 ਜ਼ਿਆਦਾਤਰ ਪੰਜਾਬੀ ਲੋਕ ਕਿਹੜੀ ਬੋਲ ਬੋਲਦੇ ਹਨ ?

ੳ) ਹਿੰਦੀ ਅ) ਪੰਜਾਬੀ ੲ) ਅੰਗਰੇਜ਼ੀ ਸ) ਮਰਾਠੀ

ਪ੍ਰ: 32 ਹਰਿਆਣੇ ਦੇ ਕਿਸੇ ਇਕ ਸ਼ਹਿਰ ਦਾ ਨਾਂ ਦੱਸੋ ਜਿੱਥੇ ਜਿਆਦਾਤਰ ਲੋਕ ਪੰਜਾਬੀ ਬੋਲਦੇ ਹਨ ?

ੳ) ਪਾਣੀਪਤ ਅ) ਕਰਨਾਲ ੲ) ਅੰਬਾਲਾ ਸ) ਰੋਹਤਕ

ਪ੍ਰ:33 ਦੁਨੀਆਂ ਵਿੱਚ ਪੰਜਾਬੀ ਨੂੰ ਬੋਲਣ ਵਾਲੇ ਲੋਕਾਂ ਦੀ ਗਿਣਤੀ ਕਿੰਨੀ ਹੈ ?

ੳ) 15 ਕਰੋੜ ਅ) 10 ਕਰੋੜ ੲ) 8 ਕਰੋੜ ਸ) 12 ਕਰੋੜ

ਪ੍ਰ:34 ਗੁੱਸੇ ਅਤੇ ਪਿਆਰ, ਰੋਣੇ ਤੇ ਹਾਸੇ ਵਿੱਚ, ਖ਼ੁਸ਼ੀ ਗ਼ਮੀ ਵਿੱਚ ਕਿਹੜੀ ਬੋਲੀ ਸਾਡਾ ਸਹਾਰਾ ਹੁੰਦੀ ਹੈ ?

ੳ) ਅੰਗਰੇਜ਼ੀ ਅ) ਫ਼ਾਰਸੀ ੲ) ਉਰਦੂ ਸ) ਪੰਜਾਬੀ

**ਉੱਤਰਮਾਲਾ**

**1. (ੳ) 2. (ਅ) 3. (ੳ) 4. (ਅ) 5. (ੳ) 6. (ਅ) 7. (ੳ) 8. (ੲ) 9. (ਸ)**

**10. (ੲ) 11. (ੲ) 12. (ੲ) 13. (ੳ) 14. (ੳ) 15. (ੳ) 16. (ਸ)**

**17. (ੲ) 18. (ੳ) 19. (ਸ) 20. (ੲ) 21. (ਅ) 22. (ੲ) 23. (ੳ)**

**24. (ੳ) 25. (ੳ) 26. (ੳ) 27. (ਸ) 28. (ਅ) 29. (ੳ) 30. (ਅ)**

**31. (ਅ) 32. (ੲ) 33. (ੳ) 34. (ਸ)**

## ਅਭਿਆਸੀ ਪ੍ਰਸ਼ਨ

**ਪ੍ਰ: 1 ਪੰਜਾਬੀ ਭਾਸ਼ਾ ਦੇ ਪਛਾਣ ਚਿੰਨ੍ਹ ਕਿਹੜੇ ਹਨ? ਸੰਖੇਪ ਵਿੱਚ ਦੱਸੋ।**

ਉ: ਪੰਜਾਬੀ ਭਾਸ਼ਾ ਦੇ ਮੁੱਖ ਪਛਾਣ ਚਿੰਨ੍ਹ ਪੰਜ ਹਨ, ਜੋ ਇਸ ਨੂੰ ਗੁਆਂਢੀ ਬੋਲੀਆਂ ਤੋਂ ਨਿਖੇੜਦੇ ਹਨ।

1. ਪੰਜਾਬੀ ਇੱਕ ਸੁਰਾਤਮਕ ਭਾਸ਼ਾ ਹੈ, ਜਿਵੇਂ 'ਚਾ' (ਚਾਓ) ਅਤੇ 'ਚ੍ਹਾ' (ਚਾਹ ਪੱਤੀ), ਚਾਹ ਵਿੱਚ ਅਸੀਂ 'ਹ' ਪੂਰਾ ਨਹੀਂ ਬੋਲਦੇ, ਸਿਰਫ 'ਸੁਰ' ਜਾਂ 'ਟੋਨ' ਹੀ ਬੋਲਦੇ ਹਾਂ, ਜਿਸ ਕਰਕੇ ਇਨ੍ਹਾਂ ਦੇ ਅਰਥਾਂ ਵਿੱਚ ਫ਼ਰਕ ਪੈਦਾ ਹੋ ਗਿਆ। ਇਹ ਵਿਸ਼ੇਸਤਾ ਭਾਰਤ ਦੀ ਕਿਸੇ ਹੋਰ ਭਾਸ਼ਾ ਵਿਚ ਨਹੀਂ।
2. ਪੰਜਾਬੀ ਵਿਚ ਦੁੱਤੀਕਰਨ ਦੀ ਰੁਚੀ ਬਹੁਤ ਜ਼ਿਆਦਾ ਹੈ ਤੇ ਇਸ ਮੰਤਵ ਲਈ ਸ਼ਬਦਾਂ ਉੱਤੇ ਅੱਧਕ ਪਾਈ ਜਾਂਦੀ ਹੈ, ਜਿਵੇਂ-ਦੁੱਧ, ਪੁੱਤ, ਪੱਤਰ, ਮੱਥਾ ਆਦਿ ਸ਼ਬਦ।ਇਹ ਸ਼ਬਦ ਉਰਦੂ, ਹਿੰਦੀ ਵਿਚ ਦੂਧ, ਪੂਤ, ਪਤ੍ਰ, ਮਾਥਾ ਆਦਿ ਹਨ।

3. ਪੰਜਾਬੀ ਇਕ ਵਿਯੋਗਾਤਮਕ ਭਾਸ਼ਾ, ਜਿਵੇਂ 'ਮੈਂ ਸਕੂਲ ਨੂੰ ਗਿਆ।' ਇਸ ਵਾਕ ਵਿਚ ਚਾਰੇ ਸ਼ਬਦ ਵੱਖਰੇ-ਵੱਖਰੇ ਪਏ ਹਨ।ਇਹ ਵਿਯੋਗਾਤਮਕਤਾ ਦਾ ਲੱਛਣ ਹੈ, ਪਰ ਕਦੇ-ਕਦੇ ਇਹ ਸੰਯਗਾਤਮਕ ਵੀ ਹੋ ਜਾਂਦੀ ਹੈ; ਜਿਵੇਂ -'ਮੈਂ ਸਕੂਲੇ ਗਿਆ।' ਇਸ ਵਿਚ 'ਸਕੂਲੇ' ਸ਼ਬਦ ਵਿਚ ਦੋ ਸ਼ਬਦ 'ਸਕੂਲ' ਤੇ 'ਨੂੰ' ਘੁਲੇ-ਮਿਲੇ ਪਏ ਹਨ, ਜੋ ਕਿ ਸੰਯੋਗਾਤਮਕਤਾ ਦਾ ਲੱਛਣ ਹੈ।
4. ਪੰਜਾਬੀ ਇਕ ਪਿਛੇਤਰਾਤਮਕ ਭਾਸ਼ਾ ਹੈ। ਭਾਵੇਂ ਇਸ ਵਿਚ ਕੁੱਝ ਅਗੇਤਰ ਵੀ ਵਰਤੇ ਜਾਂਦੇ ਹਨ, ਪਰ ਪਿਛੇਤਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ।
5. ਪੰਜਾਬੀ ਇਕ ਬਹੁਤ ਸ਼ਬਦਾਵਲੀ ਤਦਭਵ ਹੈ।ਇਹ ਦੂਜੀਆਂ ਬੋਲੀਆਂ ਦੇ ਸ਼ਬਦਾਂ ਨੂੰ ਆਮ ਕਰਕੇ ਤਤਸਮ ਰੂਪ ਵਿਚ ਗ੍ਰਹਿਣ ਨਹੀਂ ਕਰਦੀ, ਸਗੋਂ ਆਪਣੇ ਅਨੁਕੂਲ ਬਦਲ ਕੇ ਗ੍ਰਹਿਣ ਕਰਦੀ ਹੈ, ਜਿਵੇਂ ਨੀਂਦ (ਨਿਦ੍ਰਾ), ਵੱਖੀ (ਵਕੀਸ਼), ਹਿਰਦਾ (ਹ੍ਰਿਦਯ), ਸਰਾਪ (ਸ਼ਾਪ), ਟੇਸ਼ਣ (ਸਟੇਸ਼ਨ), ਸੈਕਲ (ਸਾਈਕਲ), ਜਰਨੈਲ (ਜਨਰਲ), ਸ਼ੇਖ (ਸੈਖ਼), ਹਾਜਰ (ਹਾਜ਼ਿਰ) ਆਦਿ।

**ਪ੍ਰ: 2 ਪੰਜਾਬੀ ਭਾਸ਼ਾ ਉੱਤੇ ਹੋਰਨਾਂ ਬੋਲੀਆਂ ਦਾ ਕੀ ਪ੍ਰਭਾਵ ਹੈ? ਸੰਖੇਪ ਵਿਚ ਲਿਖੋ।**

ਉ: ਪੰਜਾਬੀ ਉੱਪਰ ਹੋਰਨਾਂ ਭਾਸ਼ਾਵਾਂ ਦਾ ਲਗਾਤਾਰ ਅਸਰ ਪੈਂਦਾ ਰਿਹਾ ਹੈ। ਸਭ ਤੋਂ ਪਹਿਲਾਂ ਇਸ ਉੱਪਰ ਇੱਥੋਂ ਦੇ ਆਦਿਵਾਸੀ ਮੁੰਡਾ ਕਬੀਲੇ ਦੇ ਦ੍ਰਾਵੜ ਲੋਕਾਂ ਦੀਆਂ ਭਾਸ਼ਾਵਾਂ ਦਾ ਅਸਰ ਪਿਆ। ਫਿਰ ਪੰਜਾਬ ਦੇ ਲਗਾਤਾਰ ਹਮਲਾਵਰਾਂ ਦਾ ਘਰ ਬਣਿਆ ਰਹਿਣ ਕਰਕੇ ਪੰਜਾਬੀ ਉੱਤੇ ਉਨ੍ਹਾਂ ਦੀਆਂ ਬੋਲੀਆਂ ਈਰਾਨੀ , ਯੂਨਾਨੀ, ਤੁਰਕੀ, ਅਰਬੀ, ਫਾਰਸੀ, ਪੁਰਤਗਾਲੀ ਤੇ ਅੰਗਰੇਜ਼ੀ ਦਾ ਡੂੰਘਾ ਪ੍ਰਭਾਵ ਪਿਆ।ਮੁਸਲਮਾਨਾਂ ਦੇ ਰਾਜ ਵਿਚ ਪੰਜਾਬੀ ਉੱਪਰ ਲਗਾਤਾਰ ਅਰਬੀ-ਫ਼ਾਰਸੀ ਬੋਲੀਆਂ ਦਾ ਪ੍ਰਭਾਵ ਪਿਆ ਤੇ ਇਨ੍ਹਾਂ ਬੋਲੀਆਂ ਦੇ ਹਜ਼ਾਰਾਂ ਸ਼ਬਦ ਪੰਜਾਬੀ ਵਿਚ ਰਚ-ਮਿਚ ਗਏ।

**ਪ੍ਰ: 3 ਪੰਜਾਬੀ ਭਾਸ਼ਾ ਦੇ ਇਤਿਹਾਸ ਬਾਰੇ ਸੰਖੇਪ ਵਿਚ ਦੱਸੋ।**

ਉ: ਪੰਜਾਬੀ ਭਾਸ਼ਾ ਦਾ ਇਤਿਹਾਸ ਇਕ ਹਜ਼ਾਰ ਸਾਲ ਪੁਰਾਣਾ ਹੈ।ਇਸ ਤੋਂ ਪਹਿਲਾਂ ਪ੍ਰਾਚੀਨ ਪੰਜਾਬ ਵਿਚ ਵੈਦਿਕ ਸੰਸਕ੍ਰਿਤ, ਫਿਰ ਪ੍ਰਾਕਿਰਤਾਂ ਅਤੇ ਉਨ੍ਹਾਂ ਤੋਂ ਮਗਰੋਂ ਅਪਭ੍ਰੰਸ਼ ਭਾਸ਼ਾਵਾਂ ਬੋਲੀਆਂ ਜਾਂਦੀਆਂ ਰਹੀਆਂ। ਇਨ੍ਹਾਂ ਪੁਰਾਣੀਆਂ ਭਾਸ਼ਾਵਾਂ ਤੋਂ ਹੀ ਹੌਲੀ-ਹੌਲੀ ਬਦਲ ਕੇ 10ਵੀਂ-11ਵੀਂ ਈਸਵੀ ਵਿਚ ਪੰਜਾਬੀ ਭਾਸ਼ਾ ਦਾ ਜਨਮ ਹੋਇਆ। ਪੁਰਾਣੀ ਤੇ ਮੱਧਕਾਲੀ ਪੰਜਾਬੀ ਭਾਸ਼ਾ ਦੀਆਂ ਵੰਨਗੀਆਂ ਸਾਨੂੰ ਗੋਰਖ ਨਾਥ, ਚਰਪਟ ਨਾਥ, ਅੱਦਹ ਮਾਣ, ਬਾਬਾ ਫਰੀਦ, ਸ਼ਾਹ ਹੁਸੈਨ, ਦਮੋਦਰ, ਗੁਰੁ ਨਾਨਕ , ਭਾਈ ਗੁਰਦਾਸ, ਵਾਰਿਸ ਸ਼ਾਹ ਤੇ ਬੁੱਲ੍ਹੇ ਸ਼ਾਹ ਦੀਆਂ ਰਚਨਾਵਾਂ ਵਿਚ ਮਿਲਦੀਆਂ ਹਨ।ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਮਗਰੋਂ ਹੀ ਅਜੋਕੀ ਪੰਜਾਬੀ ਭਾਸ਼ਾ ਦਾ ਸਰੂਪ ਨਿੱਖਰਿਆ ਹੈ, ਜੋ 'ਟਕਸਾਲੀ ਪੰਜਾਬੀ' ਵਜੋਂ ਪ੍ਰਵਾਨ ਹੋਇਆ ਹੈ ਅਤੇ ਜੋ ਅੱਜ ਸਾਡੇ ਸੱਭਿਆਚਾਰ, ਸਾਹਿਤ, ਸਿੱਖਿਆ ਤੇ ਹੋਰ ਲਿਖਤ-ਪੜ੍ਹਤ ਦਾ ਮਾਧਿਅਮ ਹੈ।

**ਪ੍ਰ: 4 ਗੁਰਮੁਖੀ ਨਾਲ਼ ਪੰਜਾਬੀ ਦਾ ਕੀ ਰਿਸ਼ਤਾ ਹੈ?**

ਉ: ਪੰਜਾਬੀ ਭਾਸ਼ਾ ਦਾ ਗੁਰਮੁਖੀ ਲਿਪੀ ਨਾਲ਼ ਬਹੁਤ ਗੂੜਾ ਰਿਸ਼ਤਾ ਹੈ। ਗੁਰਮੁਖੀ ਲਿਪੀ ਦਾ ਜਨਮ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਹੋਇਆ ਹੈ। ਪੰਜਾਬੀ ਭਾਸ਼ਾ ਦੀਆਂ ਸਾਰਥਕ ਧੁਨੀਆਂ ਨੂੰ ਅੱਖਰਾਂ ਵਿਚ ਚਿੰਨ੍ਹਿਤ ਕਰਨ ਦਾ ਜੋ ਲਿਖਣ ਪ੍ਰਬੰਧ ਉਸਰਿਆ ਹੈ, ਉਹ ਗੁਰਮੁਖੀ ਲਿਪੀ ਹੈ।ਗੁਰਮੁਖੀ ਲਿਪੀ ਦੇ ਸਾਰੇ ਅੱਖਰ ਪੰਜਾਬੀ ਭਾਸ਼ਾ ਦੀਆਂ ਸਾਰੀਆਂ ਧੁਨੀਆਂ ਨੂੰ ਪ੍ਰਗਟ ਕਰਨ ਵਾਲੇ ਹਨ।ਪੰਜਾਬੀ ਦੀਆਂ ਜਿੰਨੀਆਂ ਸਾਰਥਕ ਧੁਨੀਆਂ ਹਨ, ਓਨੇ ਹੀ ਗੁਰਮੁਖੀ ਅੱਖਰ ਹਨ।ਗੁਰਮੁਖੀ ਲਿਪੀ ਦਾ ਜਨਮ ਪੰਜਾਬ ਦੀ ਉਸ ਧਰਤੀ ਉਪਰ ਹੋਇਆ ਹੈ, ਜਿੱਥੇ ਪੰਜਾਬੀ ਦਾ ਜਨਮ ਹੋਇਆ ਹੈ।ਇਹ ਬਾਹਰੋਂ ਠੋਸੀ ਹੋਈ ਲਿਪੀ ਨਹੀਂ, ਸਗੋਂ ਇਹ ਪੰਜਾਬੀ ਨਾਲ਼ ਪਰਣਾਈ ਹੋਈ ਲਿਪੀ ਹੈ।

**ਪ੍ਰ: 5 ਗੁਰਮੁਖੀ ਦਾ ਇਹ ਨਾਂ ਕਿਵੇਂ ਪਿਆ?**

ਉ: ਗੁਰਮੁਖੀ ਦਾ ਨਾਂ ਇਸ ਕਰਕੇ ਪਿਆ ਕਿਉਂਕਿ ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਇਸ ਨੂੰ ਗੁਰੂ ਸਾਹਿਬਾਂ ਗੁਰੂ ਨਾਨਕ ਦੇਵ ਜੀ ਜਾਂ ਗੁਰੂ ਅੰਗਦ ਦੇਵ ਜੀ ਨੇ ਬਣਾਇਆ ਹੈ।ਪਰ ਇਹ ਗੱਲ ਠੀਕ ਨਹੀਂ ਸੀ। ਅਸਲ ਵਿਚ ਇਸੀ ਲਿਪੀ ਦੀ ਸੱਭ ਤੋਂ ਵੱਧ ਵਰਤੋਂ ਗੁਰੂ ਸਾਹਿਬਾਂ ਨੇ ਕੀਤੀ ਸੀ, ਹੋ ਸਕਦਾ ਹੈ ਗੁਰੂ ਸਾਹਿਬਾਂ ਨੇ ਗੁਰੂਬਾਣੀ ਨੂੰ ਲਿਖਣ ਲਈ ਉਸ ਸਮੇਂ ਪ੍ਰਚਲਿਤ ਲਿਪੀ ਵਿਚ ਕੁੱਝ ਸੁਧਾਰ ਵੀ ਕੀਤੇ ਹੋਣ।ਇਸ ਕਰਕੇ ਇਸ ਦਾ ਨਾਂ ਗੁਰਮੁਖੀ ਪੈ ਗਿਆ।

**ਪ੍ਰ: 6 ਗੁਰਮੁਖੀ ਲਿਪੀ ਦੀ ਸਾਰੀ ਵਰਣਮਾਲਾ ਨੂੰ ਤਰਤੀਬ ਵਿਚ ਲਿਖ ਕੇ ਇਸ ਦਾ ਸੰਖੇਪ ਮਹੱਤਵ ਵਰਣਨ ਕਰੋ।**

ਉ: ਗੁਰਮੁਖੀ ਲਿਪੀ ਦੇ 35 ਅੱਖਰ ਹਨ, ਜਿਸ ਕਰਕੇ ਇਸ ਨੂੰ ਪੈਂਤੀ ਵੀ ਕਿਹਾ ਜਾਂਦਾ ਹੈ।ਇਨ੍ਹਾਂ ਅੱਖਰਾਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੈ।

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

ਪਿੱਛੋਂ ਫਾਰਸੀ ਦੀਆਂ ਧੁਨੀਆਂ ਨੂੰ ਪ੍ਰਗਟ ਕਰਨ ਲਈ ਸ਼, ਖ਼, ਗ਼, ਫ਼, ਲ਼ ਅੱਖਰਾਂ ਦਾ ਵਾਧਾ ਕਰ ਦਿੱਤਾ ਗਿਆ ਹੈ।ਇਸ ਪ੍ਰਕਾਰ ਗੁਰਮੁਖੀ ਲਿਪੀ ਦੇ ਅੱਖਰਾਂ ਦੀ ਕੁੱਲ ਗਿਣਤੀ 41 ਹੈ।

**ਪ੍ਰ: 7 ਪੰਜਾਬੀ ਭਾਸ਼ਾ ਦੀਆਂ ਧੁਨੀਆਂ ਬਾਰੇ ਚਾਨਣਾ ਪਾਓ।**

ਉ: ਪੰਜਾਬੀ ਭਾਸ਼ਾ ਦੀਆਂ ਕੁੱਲ 41 ਧੁਨੀਆਂ ਮੰਨੀਆਂ ਗਈਆਂ ਹਨ, ਜਿਨ੍ਹਾਂ ਦਾ ਰੇਖਾ ਚਿੱਤਰ ਹੇਠਾਂ ਲਿਖੇ ਅਨੁਸਾਰ ਹੈ:

| | | | | | | | | | |
|---|---|---|---|---|---|---|---|---|---|
| ਅ | ਆ | ਇ | ਈ | ਉ | ਊ | ਏ | ਐ | ਓ | ਔ |
| ਕ | ਖ | ਗ | (ਘ) | ਙ | | | | | |
| ਚ | ਛ | ਜ | (ਝ) | ਞ | | | | | |
| ਟ | ਠ | ਡ | (ਢ) | ਣ | | | | | |
| ਤ | ਥ | ਦ | (ਧ) | ਨ | | | | | |
| ਪ | ਫ | ਬ | (ਭ) | ਮ | | | | | |

ਯ ਰ ਲ ਲ਼ , ਵ ੜ ਸ ਸ਼ ਹ

(ਖ਼ ਗ਼ ਜ਼ ਫ਼)

ਬਿੰਦੀ ( ਂ ), ਟਿੱਪੀ ( ੰ ), ਅੱਧਕ ( ੱ )

ਕੇਵਲ ਇੱਕੋ ਧੁਨੀ ਅਦਲਾ-ਬਦਲੀ ਕਰਨ ਨਾਲ਼ ਤੇ ਉਸਨੂੰ ਅੱਗੇ ਪਿੱਛੇ ਕਰਨ ਨਾਲ਼ ਸ਼ਬਦਾਂ ਦੇ ਅਰਥ ਹੀ ਬਦਲ ਜਾਂਦੇ ਹਨ।

**ਪ੍ਰ: 8 ਪੰਜਾਬੀ ਭਾਸ਼ਾ ਕਿਹੜੇ-ਕਿਹੜੇ ਖੇਤਰਾਂ ਵਿਚ ਬੋਲੀ ਜਾਂਦੀ ਹੈ? ਸੱਪਸ਼ਟ ਕਰਕੇ ਲਿਖੋ।**

ਉ: ਪੰਜਾਬੀ ਭਾਸ਼ਾ ਬਹੁਤ ਵੱਡੇ ਭਾਈ ਚਾਰੇ ਦੀ ਬੋਲੀ ਹੈ, ਇਸ ਨੂੰ ਬੋਲਣ ਵਾਲੇ ਲੋਕਾਂ ਦੀ ਗਿਣਤੀ ਲਗਭਗ ਅੱਠ ਕਰੋੜ ਹੈ।ਪੰਜਾਬੀ ਬੋਲਣ ਵਾਲੇ ਲੋਕ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਤੋਂ ਬਿਨ੍ਹਾਂ ਕੈਨੇਡਾ, ਅਮਰੀਕਾ, ਇੰਗਲੈਂਡ, ਜਰਮਨੀ, ਸਿੰਘਾਪੁਰ, ਮਲਾਇਆ, ਸਵੀਡਨ, ਥਾਈਲੈਂਡ, ਅਫਗਾਨੀਸਤਾਨ, ਅਫਰੀਕਾ ਆਦਿ ਦੇਸ਼ਾਂ ਵਿਚ ਵੱਸਦੇ ਹਨ।ਇਸ ਤਰ੍ਹਾਂ ਮਹਾਂ ਪੰਜਾਬ ਸਰਹੱਦੀ ਸੂਬੇ ਤੋਂ ਲੈ ਕੇ ਦਿੱਲੀ ਤੱਕ ਅਤੇ ਤਿੱਬਤ ਤੋਂ ਲੈ ਕੇ ਪਾਕਿਸਤਾਨ ਤੱਕ ਫੈਲਿਆ ਹੋਇਆ ਸੀ ਅਤੇ ਦੂਰ-ਦੂਰ ਤੱਕ ਪੇਸ਼ਾਵਰ,ਸ੍ਰੀ ਨਗਰ, ਸ਼ਿਮਲਾ ਤੇ ਬੀਕਾਨੇਰ ਵਿਚ ਪੰਜਾਬੀ ਬੋਲੀ ਜਾਂਦੀ ਸੀ।

ਸਾਰਾ ਭਾਰਤੀ ਪੰਜਾਬ ਹਰਿਆਣੇ ਵਿਚ ਤਹਿਸੀਲ ਸਰਸਾ ਦਾ ਕਾਫੀ ਹਿੱਸਾ ਤਹਿਸੀਲ ਫਤਿਹਾਬਾਦ ਦਾ ਅੱਧਾ ਹਿੱਸਾ, ਟੋਹਾਣਾ ਬਲਾਕ ਸਦਰ ਥਾਣਾ ਅੰਬਾਲਾ, ਕੈਥਲ ਤਹਿਸੀਲ ਦਾ ਅੱਧਾ ਭਾਗ ਤੇ ਕਰਨਾਲ਼ ਦੇ ਕਈ ਪਿੰਡ ਪੰਜਾਬੀ ਬੋਲਦੇ ਖੇਤਰ ਹਨ।